# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times    20 ਅਕਤੂਬਰ 2025 ਦਿਨ ਸੋਮਵਾਰ    ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਵਿਚ ਸੁਰਿੰਦਰ ਸੰਘਾ ਦੀ ਪੁਸਤਕ 'ਇੰਡੋ-ਕੈਨੇਡੀਅਨ ਪਰਵਾਸੀਆਂ ਦਾ ਸੰਘਰਸ਼ਨਾਮਾ' ਦਾ ਲੋਕ ਅਰਪਣ ਸਮਾਗਮ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਸਰੀ, 20 ਅਕਤੂਬਰ : ਬੀਤੇ ਦਿਨ ਆਰੀਆ ਬੈਂਕੁਇਟ ਹਾਲ ਸਰੀ ਵਿਖੇ ਕਾਮਰੇਡ ਸੁਰਿੰਦਰ ਸੰਘਾ ਦੀ ਖੋਜ ਭਰਪੂਰ ਪੁਸਤਕ 'ਇੰਡੋ-ਕੈਨੇਡੀਅਨ ਪਰਵਾਸੀਆਂ ਦਾ ਸੰਘਰਸ਼ਨਾਮਾ' ਲੋਕ ਅਰਪਣ ਕਰਨ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਗੁਰਨਾਮ ਸਿੰਘ ਸੰਘੇੜਾ, ਬੀ.ਸੀ. ਦੇ ਸਾਬਕਾ ਮੰਤਰੀ ਹੈਰੀ ਬੈਂਸ, ਸ਼ਾਇਰ ਮੋਹਨ ਗਿੱਲ ਅਤੇ ਸੁਖਵੰਤ ਹੁੰਦਲ ਨੇ ਕੀਤੀ।

ਸੁਰਿੰਦਰ ਸੰਘਾ ਦੇ ਭਤੀਜੇ ਗੁਰਪ੍ਰੀਤ (ਗੈਰੀ ਸੰਘਾ) ਨੇ ਸਭ ਨੂੰ ਜੀ ਆਇਆਂ ਕਿਹਾ। ਸਟੇਜ ਸੰਚਾਲਕ ਦੀ ਜ਼ਿੰਮੇਵਾਰੀ ਸੰਭਾਲਦਿਆਂ ਪ੍ਰੋ. ਹਰਿੰਦਰਜੀਤ ਸੰਧੂ ਨੇ ਪੁਸਤਕ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕਿਤਾਬ ਵਿਚ 1937 ਤੋਂ 1967 ਤੱਕ ਦੇ ਦੌਰ ਦੀ ਸੰਘਰਸ਼ਮਈ ਕਹਾਣੀ ਹੈ। ਇਸ ਦੀ ਸ਼ੁਰੂਆਤ ਉਹਨਾਂ ਪਹਿਲੇ ਪੰਜਾਬੀਆਂ ਤੋਂ ਹੁੰਦੀ ਹੈ ਜੋ ਇੱਥੇ ਆ ਕੇ ਵਸੇ, ਤੇ ਹੌਲੀ ਹੌਲੀ 1967 ਤੱਕ ਪਹੁੰਚਦੀ ਹੈ—ਜਦੋਂ ਉਹਨਾਂ ਦਾ ਸੰਘਰਸ਼, ਉਹਨਾਂ ਦੇ ਕੰਮ ਕਰਨ ਦੇ ਢੰਗ ਅਤੇ ਸੰਗਠਨ ਦਾ ਰੂਪ ਕੁਝ ਬਦਲਣਾ ਸ਼ੁਰੂ ਹੋ ਜਾਂਦਾ ਹੈ। ਸ਼ੁਰੂਆਤੀ ਦੌਰ ਵਿੱਚ ਨਸਲਵਾਦ ਬਹੁਤ ਹੀ ਤਿੱਖੇ ਢੰਗ ਨਾਲ ਮੌਜੂਦ ਸੀ, ਪਰ ਇਹਨਾਂ ਪ੍ਰਵਾਸੀਆਂ ਨੇ ਉਸ ਨਾਲ ਮੁਕਾਬਲਾ ਕੀਤਾ ਅਤੇ ਸਮੇਂ ਦੇ ਨਾਲ ਉਸ ਨੂੰ ਕਾਫ਼ੀ ਹੱਦ ਤੱਕ ਘਟਾਇਆ। 1967 ਵਿੱਚ ਕੈਨੇਡਾ ਵਿੱਚ ਪੁਆਇੰਟ ਸਿਸਟਮ ਵਾਲਾ ਨਵਾਂ ਇਮੀਗ੍ਰੇਸ਼ਨ ਕਾਨੂੰਨ ਲਾਗੂ ਹੋਇਆ, ਜਿਸ ਨਾਲ ਨਸਲੀ ਭੇਦਭਾਵ ਦੀ ਦਿਸ਼ਾ ਹੀ ਬਦਲ ਗਈ।

ਇਸ ਕਿਤਾਬ ਵਿੱਚ ਨਸਲੀ ਵਿਤਕਰੇ ਬਾਰੇ ਗਹਿਰਾਈ ਨਾਲ ਚਰਚਾ ਕੀਤੀ ਗਈ ਹੈ। ਇਸ ਦੇ ਨਾਲ ਹੀ ਵੋਟ ਦੇ ਅਧਿਕਾਰ, ਨਾਗਰਿਕਤਾ, ਮੀਡੀਆ ਦੀ ਭੂਮਿਕਾ ਅਤੇ ਸਾਫ-ਸੁਥਰੀਆਂ ਸੁਸਾਇਟੀਆਂ (ਜਿਵੇਂ ਕਿ ਖਾਲਸਾ ਦੀਵਾਨ ਸੁਸਾਇਟੀ) ਦੇ ਯੋਗਦਾਨ ਨੂੰ ਵੀ ਉਜਾਗਰ ਕੀਤਾ ਗਿਆ ਹੈ। ਕਿਤਾਬ ਇਹ ਵੀ ਦਿਖਾਉਂਦੀ ਹੈ ਕਿ ਕਿਵੇਂ ਕੁਝ ਸੱਤਾ-ਧਾਰੀ ਤਾਕਤਾਂ ਸਮਾਜ ਨੂੰ ਵੰਡ ਕੇ ਆਪਣੇ ਮਕਸਦ ਪੂਰੇ ਕਰਨ ਦੀ ਕੋਸ਼ਿਸ਼ ਕਰਦੀਆਂ ਰਹੀਆਂ।

ਪੁਸਤਕ ਰਿਲੀਜ਼ ਕਰਨ ਦੀ ਰਸਮ ਉਪਰੰਤ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਡਾ. ਗੁਰਨਾਮ ਸੰਘੇੜਾ ਨੇ ਕਿਹਾ ਕਿ ਇਹ ਪੁਸਤਕ ਇੰਡੋ ਕੈਨੇਡੀਅਨ ਪਰਵਾਸੀਆਂ ਦੇ ਇਤਿਹਾਸ ਦਾ ਮਹੱਤਵਪੂਰਨ ਦਸਤਾਵੇਜ਼ ਹੈ। ਡਾ. ਹੈਰੀ ਬੈਂਸ ਨੇ ਪੁਸਤਕ ਨੂੰ ਚਾਰ ਨੁਕਤਿਆਂ ਰਾਹੀਂ ਪੇਸ਼ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਜਿੱਥੇ ਅਸੀਂ ਗੱਲ ਕਰਦੇ ਹਾਂ ਕਿ ਗੋਰਿਆਂ ਵੱਲੋਂ ਸਾਡੇ ਨਾਲ ਨਸਲੀ ਵਿਤਕਰਾ ਕੀਤਾ ਜਾਂਦਾ ਹੈ ਉੱਥੇ ਅਸੀਂ ਇਸ ਸੱਚਾਈ ਤੋਂ ਵੀ ਮੁਨਕਰ ਨਹੀਂ ਹੋ ਸਕਦੇ ਸਾਡੇ ਆਪਣੇ ਵੀ ਸਾਡੇ ਨਾਲ ਵਿਤਕਰਾ ਕਰਨ ਵਿਚ ਕਸਰ ਬਾਕੀ ਨਹੀਂ ਛੱਡਦੇ।

ਮੋਹਨ ਗਿੱਲ ਨੇ ਕਿਹਾ ਕਿ ਇਹ ਪੁਸਤਕ ਕੈਨੇਡਾ ਵਿਚ ਸਾਡੀ ਕਮਿਊਨਿਟੀ ਦੇ ਸੰਘਰਸ਼ਮਈ ਇਤਿਹਾਸ ਨੂੰ ਮੌਜੂਦਾ ਅਤੇ ਆਉਣ ਵਾਲੀ ਪੀੜ੍ਹੀ ਲਈ ਤੱਕ ਪੁਚਾਉਣ ਲਈ ਬਹੁਤ ਅਹਿਮ ਭੂਮਿਕਾ ਅਦਾ ਕਰੇਗੀ। ਸੁਖਵੰਤ ਹੁੰਦਲ ਨੇ ਇਸ ਪੁਸਤਕ ਦੀ ਪ੍ਰਸੰਸਾ ਕਰਦਿਆਂ ਨਾਲ ਹੀ ਸੁਰਿੰਦਰ ਸੰਘਾ ਨੂੰ ਅਪੀਲ ਕੀਤੀ ਕਿ ਉਹ ਹੁਣ ਆਪਣੀ ਅਗਲੀ ਪੁਸਤਕ ਵਿਚ 1970 ਤੋਂ ਅੱਗੇ ਦੇ ਇਤਿਹਾਸ ਬਾਰੇ ਲਿਖਣ ਦਾ ਖੋਜ ਕਾਰਜ ਕਰਨ। ਸਮਾਗਮ ਵਿਚ ਹਾਜਰ ਹੋਏ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਤੇ ਰਣਦੀਪ ਸਿੰਘ ਸਰਾਏ, ਐਮਐਲਏ ਸਟੀਵ ਕੂਨਰ ਤੇ ਹਰਮਨ ਭੰਗੂ, ਬੀ.ਸੀ. ਦੀ ਸਿੱਖਿਆ ਮੰਤਰੀ ਜੈਸੀ ਸੁੰਨੜ, ਸਾਬਕਾ ਮੰਤਰੀ ਜਿੰਨੀ ਸਿਮਸ, ਡੈਲਟਾ ਪੁਲਿਸ ਅਫਸਰ ਜੈਸੀ ਸਹੋਤਾ, ਸਤੀਸ਼ ਗੁਲਾਟੀ ਅਤੇ ਰੇਡੀਓ ਸਵਿਫਟ 1200AM ਦੇ ਪ੍ਰੈਜ਼ੀਡੈਂਟ ਕੁਲਵੰਤ ਢੇਸੀ ਨੇ ਕਮਿਊਨਿਟੀ ਦੇ ਲੋਕਾਂ ਵੱਲੋਂ ਕੀਤੀ ਮਿਹਨਤ ਅਤੇ ਕੁਰਬਾਨੀਆਂ ਨੂੰ ਯਾਦ ਕੀਤਾ ਅਤੇ ਇਸ ਪੁਸਤਕ ਲਈ ਸੁਰਿੰਦਰ ਸੰਘਾ ਨੂੰ ਮੁਬਾਰਕਬਾਦ ਦਿੱਤੀ।

ਪੁਸਤਕ ਦੇ ਲੇਖਕ ਸੁਰਿੰਦਰ ਸੰਘਾ ਨੇ ਸਾਰੇ ਮਹਿਮਾਨਾਂ, ਬੁਲਾਰਿਆਂ ਅਤੇ ਸਮਾਗਮ ਵਿਚ ਹਾਜਰ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਇਸ ਪੁਸਤਕ ਦੇ ਹੋਂਦ ਵਿਚ ਆਉਣ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਪਿਛਲੇ ਕਈ ਦਹਾਕਿਆਂ ਦੇ ਤਜਰਬਿਆਂ ਵੱਲ ਮੁੜ ਕੇ ਉਨ੍ਹਾਂ ਜਦੋਂ ਵੀ ਦੇਖਿਆ ਹੈ ਤਾਂ ਇਹ ਸਾਫ਼ ਹੁੰਦਾ ਹੈ ਕਿ ਸਾਡੀ ਕਮਿਊਨਿਟੀ ਨੇ ਕਨੇਡਾ ਵਿੱਚ ਰਹਿੰਦੇ ਹੋਏ ਜੋ ਸੰਗਰਾਮ ਤੇ ਕੁਰਬਾਨੀਆਂ ਕੀਤੀਆਂ ਹਨ ਅਤੇ ਯੋਗਦਾਨ ਪਾਇਆ ਹੈ, ਉਹ ਸਾਰੇ ਪੂਰੀ ਤਰ੍ਹਾਂ ਲਿਖਤ ਰੂਪ ਵਿੱਚ ਦਰਜ ਨਹੀਂ ਕੀਤੇ ਗਏ। ਇਹ ਨਾ ਸਿਰਫ਼ ਇਤਿਹਾਸਕ ਬੇਇਨਸਾਫੀ ਹੈ, ਸਗੋਂ ਇਹ ਸਾਡੀ ਆਉਣ ਵਾਲੀ ਪੀੜ੍ਹੀ ਲਈ ਸੱਚ ਤੋਂ ਪਰ੍ਹੇ ਰੱਖਣ ਦੀ ਸਾਜ਼ਿਸ਼ ਹੈ। ਇਹ ਵੇਖ ਕੇ ਦੁੱਖ ਹੁੰਦਾ ਹੈ ਕਿ ਇਤਿਹਾਸ ਵਿਚ ਕਈ ਵਾਰ ਪ੍ਰਸਪਰ ਰਾਜਨੀਤਿਕ ਅਸਹਿਮਤੀਆਂ ਨੂੰ ਆਧਾਰ ਬਣਾ ਕੇ ਸੱਚਾਈ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਇਹ ਕਿਤਾਬ ਲਿਖਣ ਦੀ ਪ੍ਰੇਰਣਾ ਉਨ੍ਹਾਂ ਨੂੰ ਆਪਣੇ ਛੋਟੇ ਭਰਾ ਅਜੀਤ ਸਿੰਘ ਤੋਂ ਮਿਲੀ। ਉਸ ਦੀ ਅਥਾਹ ਲਗਨ ਤੇ ਘਰਵਾਰ ਵੱਲੋਂ ਮਿਲੇ ਪੂਰੇ ਸਹਿਯੋਗ ਨੇ ਇਹ ਯਕੀਨ ਦਿਵਾਇਆ ਕਿ ਇਹ ਕੰਮ ਸਿਰਫ ਇੱਕ ਇਤਿਹਾਸਕ ਜ਼ਿੰਮੇਵਾਰੀ ਨਹੀਂ, ਸਗੋਂ ਇੱਕ ਨੈਤਿਕ ਕਰਤਵ ਹੈ। ਕਾਮਰੇਡ ਸੰਘਾ ਨੇ ਕਿਹਾ ਕਿ ਅਸੀਂ ਇੱਕ ਅਜਿਹੇ ਸਮੇਂ 'ਚ ਰਹਿ ਰਹੇ ਹਾਂ ਜਿੱਥੇ ਨਵੀਆਂ ਪੀੜ੍ਹੀਆਂ ਨੂੰ ਆਪਣੇ ਮੂਲ, ਆਪਣੀ ਸੰਘਰਸ਼ਪੂਰਨ ਵਿਰਾਸਤ ਅਤੇ ਆਪਣੇ ਅਸਲ ਯੋਗਦਾਨ ਬਾਰੇ ਪੂਰੀ ਜਾਣਕਾਰੀ ਨਹੀਂ। ਇਤਿਹਾਸਕ ਤੱਥਾਂ ਨੂੰ ਛਪਾਉਣ, ਸਕੂਲਾਂ ਤੋਂ ਯੂਨੀਵਰਸਿਟੀਆਂ ਤੱਕ ਸਿਲੇਬਸ ਦਾ ਹਿੱਸਾ ਬਣਾਉਣ ਅਤੇ ਪਬਲਿਕ ਡਾਇਲਾਗ ਰਾਹੀਂ ਇਹ ਜਾਣਕਾਰੀ ਵਧਾਉਣ ਦੀ ਲੋੜ ਹੈ। ਨਸਲਵਾਦ, ਧਾਰਮਿਕ ਵੰਡ ਅਤੇ ਭੇਦਭਾਵ ਅੱਜ ਵੀ ਇੱਕ ਹਕੀਕਤ ਹੈ। ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਜੇ ਅਸੀਂ ਆਪਣੇ ਬੱਚਿਆਂ ਨੂੰ ਇਹ ਨਹੀਂ ਦੱਸਾਂਗੇ ਕਿ ਅਸੀਂ ਇੱਥੇ ਕਿਸ ਤਰੀਕੇ ਨਾਲ ਆਏ, ਕੀ ਕੁਝ ਸਹਿਣਾ ਪਿਆ ਤੇ ਕਿਵੇਂ ਸਾਡੀਆਂ ਯੂਨੀਅਨਾਂ, ਜਥੇਬੰਦੀਆਂ ਅਤੇ ਆਗੂਆਂ ਅਤੇ ਲੋਕਾਂ ਨੇ ਹੱਕਾਂ ਦੀ ਲੜਾਈ ਲੜੀ ਤਾਂ ਉਹ ਅਗਲੇ ਹੱਕਾਂ ਦੀ ਲੜਾਈ ਕਿਵੇਂ ਲੜਨਗੇ। ਅਸੀਂ ਚਾਹੁੰਦੇ ਹਾਂ ਕਿ ਸਕੂਲਾਂ ਤੋਂ ਯੂਨੀਵਰਸਿਟੀ ਤੱਕ ਸਾਡੀ ਕਮਿਊਨਿਟੀ ਦੀ ਸੱਚਾਈ ਪੜ੍ਹਾਈ ਜਾਵੇ ਤਾਂ ਜੋ ਨਸਲੀ ਭੇਦਭਾਵ ਅਤੇ ਧਰਮ-ਆਧਾਰਿਤ ਵੰਡ-ਭੇਦ ਘਟ ਸਕੇ। ਸਾਡੀ ਕੋਸ਼ਿਸ਼ ਹੈ ਕਿ ਲੋਕ ਇਕੱਠੇ ਹੋ ਕੇ ਸਰਕਾਰੀ ਨੀਤੀਆਂ ਨੂੰ ਪ੍ਰਭਾਵਿਤ ਕਰਨ, ਸਹੀ ਦਸਤਾਵੇਜ਼ ਪੇਸ਼ ਕਰਨ ਅਤੇ ਇਤਿਹਾਸਿਕ ਇਨਸਾਫ਼ ਲਈ ਲੜਨ।

## ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਮਾਨ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾਮੁੱਖ ਮੰਤਰੀ ਦੀ ਤਰਫੋਂ ਪਰਿਵਾਰ ਨਾਲ ਕੀਤਾ ਦੁੱਖ ਸਾਂਝਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 20 ਅਕਤੂਬਰ : ਉੱਘੇ ਸਾਹਿਤਕਾਰ/ ਗੀਤਕਾਰ ਤੇ ਫਰੀਦਕੋਟ ਜ਼ਿਲ੍ਹੇ ਨਾਲ ਸੰਬੰਧਿਤ ਸ. ਬਾਬੂ ਸਿੰਘ ਮਾਨ ਦੀ ਸੁਪਤਨੀ ਗੁਰਨਾਮ ਕੌਰ ਜਿਨ੍ਹਾਂ ਦਾ ਕਿ ਕੱਲ ਮੁਹਾਲੀ ਵਿਖੇ ਦਿਹਾਂਤ ਹੋ ਗਿਆ ਸੀ, ਉਨ੍ਹਾਂ ਦਾ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਮਰਾੜ ਨੇੜੇ ਸਾਦਿਕ ਵਿਖੇ ਕੀਤਾ ਗਿਆ ਜਿਸ ਵਿੱਚ ਵੱਡੀ ਗਿਣਤੀ ਦੇ ਵਿੱਚ ਧਾਰਮਿਕ ਰਾਜਨੀਤਿਕ ਤੇ ਸਮਾਜਿਕ ਆਗੂਆਂ, ਰਿਸ਼ਤੇਦਾਰਾਂ ਤੇ ਸੱਜਣਾ ਆਦਿ ਨੇ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਬਾਬੂ ਸਿੰਘ ਮਾਨ ਤੇ ਉਹਨਾਂ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਮੁੱਖ



ਮੰਤਰੀ ਭਗਵੰਤ ਸਿੰਘ ਮਾਨ ਜਿੰਨਾਂ ਦੇ ਬਾਬੂ ਸਿੰਘ ਮਾਨ ਨਾਲ ਪਰਿਵਾਰਕ ਸਬੰਧ ਹਨ, ਉਨ੍ਹਾਂ ਨੇ ਵੀ ਮਾਤਾ ਜੀ ਗੁਰਨਾਮ ਕੌਰ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਮੌਕੇ ਸ. ਗੁਰਮੀਤ ਸਿੰਘ ਖੁੱਡੀਆਂ ਨੇ ਮਾਨ ਪਰਿਵਾਰ ਨਾਲ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਮਾਤਾ ਗੁਰਨਾਮ ਕੌਰ ਇਕ ਸਧਾਰਣ, ਧਾਰਮਿਕ ਤੇ ਮਨੁੱਖਤਾ ਪ੍ਰੇਮੀ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੌਰਾਨ ਹਮੇਸ਼ਾਂ ਸੱਚ, ਇਮਾਨਦਾਰੀ ਅਤੇ ਸੇਵਾ ਦੇ ਮੁੱਲਾਂ ਨੂੰ ਅਪਣਾਇਆ। ਉਨ੍ਹਾਂ ਦੀ ਨਿਮਰਤਾ ਅਤੇ ਸਹਿਯੋਗੀ ਸੁਭਾਅ ਨੇ ਸਭ ਦੇ ਦਿਲਾਂ 'ਚ ਅਮਿੱਟ ਛਾਪ ਛੱਡੀ ਹੈ। ਉਨ੍ਹਾਂ ਰੱਬ ਅੱਗੇ ਅਰਦਾਸ ਕੀਤੀ ਕਿ ਰੱਬ ਮਾਤਾ ਜੀ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪਰਿਵਾਰ ਨੂੰ ਇਸ ਅਸਹਿਣਯੋਗ ਘੜੀ ਵਿੱਚ ਹੌਸਲਾ ਬਖ਼ਸ਼ੇ। ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ. ਗੁਰਤੇਜ ਸਿੰਘ ਖੋਸਾ, ਚੇਅਰਮੈਨ ਇੰਪਰੂਵਮੈਂਟ ਟਰੱਸਟ ਸ. ਗਗਨਦੀਪ ਸਿੰਘ, ਚੇਅਰਮੈਨ ਮਾਰਕੀਟ ਕਮੇਟੀ ਸਾਦਿਕ ਸ. ਰਮਨਦੀਪ ਸਿੰਘ ਮੁਮਾਰਾ, ਸ ਮਨਤਾਰ ਸਿੰਘ ਬਰਾੜ ਸਾਬਕਾ ਵਿਧਾਇਕ, ਰਮਿੰਦਰ ਆਵਲਾ ਸਾਬਕਾਵਿਧਾਇਕ, ਹਰਭਜਨ ਮਾਨ ਤੋਂ ਇਲਾਵਾ ਹੋਰ ਹਾਜ਼ਰ ਸਨ।

## ਨੈਸ਼ਨਲ ਗਤਕਾ ਮੁਕਾਬਲਿਆਂ ਵਿੱਚ ਜੇਤੂ ਬੱਚਿਆਂ ਦਾ ਸਪੀਕਰ ਸੰਧਵਾਂ ਵੱਲੋਂ ਵਿਸ਼ੇਸ਼ ਸਨਮਾਨ

### 9 ਗੋਲਡ ਮੈਡਲ ਅਤੇ 2 ਕਾਂਸੀ ਦੇ ਤਗਮੇ ਜਿੱਤਣ ਵਾਲੇ ਬੱਚਿਆਂ ਦੀ ਪ੍ਰਸੰਸਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 20 ਅਕਤੂਬਰ : ਬਾਬਾ ਦੀਪ ਸਿੰਘ ਗਤਕਾ ਸੁਸਾਇਟੀ ਦੇ ਬੱਚਿਆਂ ਵੱਲੋਂ ਕੋਚ ਗੁਰਪ੍ਰੀਤ ਸਿੰਘ ਖਾਲਸਾ ਦੀ ਅਗਵਾਈ ਵਿੱਚ ਦਿੱਲੀ ਵਿਖੇ 22 ਰਾਜਾਂ ਦੇ ਹੋਏ ਕੌਮੀ ਪੱਧਰ ਮੁਕਾਬਲਿਆਂ ਦੌਰਾਨ 9 ਗੋਲਡ ਮੈਡਲ ਅਤੇ 2 ਕਾਂਸੀ ਦੇ ਤਗਮੇ ਜਿੱਤਣ 'ਤੇ ਉਕਤ ਟੀਮ ਦਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵਲੋਂ ਅੱਜ ਆਪਣੇ ਗ੍ਰਹਿ ਪਿੰਡ ਸੰਧਵਾਂ ਵਿਖੇ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਸਪੀਕਰ ਸੰਧਵਾਂ ਨੇ ਸਾਰੇ ਬੱਚਿਆਂ ਨੂੰ ਆਸ਼ੀਰਵਾਦ ਅਤੇ ਦੁਆਵਾਂ ਦਿੰਦਿਆਂ ਆਖਿਆ ਕਿ ਗਤਕਾ ਇਕ ਖੇਡ ਹੀ ਨਹੀਂ, ਬਲਕਿ ਇਕ ਕਲਾ ਹੈ, ਇਸ ਤੋਂ ਇਲਾਵਾ ਸਵੈ ਰੱਖਿਆ ਲਈ ਬਹੁਤ ਵਧੀਆ ਤਕਨੀਕ ਹੈ। ਉਹਨਾਂ ਗਤਕਾ ਕੋਚ ਗੁਰਪ੍ਰੀਤ ਸਿੰਘ ਖਾਲਸਾ ਅਤੇ ਸਮਾਜ ਸੇਵੀ ਬਲਤੇਜ ਸਿੰਘ ਖਾਲਸਾ ਦੇ ਉਕਤ ਉਪਰਾਲਿਆਂ ਦੀ ਭਰਪੂਰ ਪ੍ਰਸੰਸਾ ਕਰਦਿਆਂ ਆਖਿਆ ਕਿ ਬੱਚਿਆਂ ਨੂੰ ਸਮਾਜਿਕ ਕੁਰੀਤੀਆਂ ਤੋਂ ਬਚਾਅ ਕੇ ਨੈਤਿਕਤਾ ਦਾ ਪਾਠ ਪੜ੍ਹਾਉਣਾ, ਗਤਕਾ ਕਲਾ ਨਾਲ ਜੋੜਨਾ ਅਤੇ ਅਜਿਹੀ ਕਾਬਲੀਅਤ ਪੈਦਾ ਕਰਨੀ, ਜਿਸ ਨਾਲ ਬੱਚੇ ਸਟੇਟ ਅਤੇ ਨੈਸ਼ਨਲ ਮੁਕਾਬਲਿਆਂ ਵਿੱਚ ਗੋਲਡ ਮੈਡਲ ਜਿੱਤਣ ਦੇ ਕਾਬਲ ਬਣੇ। ਸਪੀਕਰ ਸੰਧਵਾਂ ਨੇ ਜੇਤੂ ਬੱਚਿਆਂ ਨੂੰ ਆਸ਼ੀਰਵਾਦ ਦਿੰਦਿਆਂ ਆਖਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬੱਚਿਆਂ ਤੇ ਨੌਜਵਾਨਾ ਨੂੰ ਖੇਡਾਂ ਅਤੇ ਆਰਟ ਪ੍ਰਤੀ ਉਤਸ਼ਾਹਿਤ ਕਰਨ ਲਈ ਕਰੋੜਾਂ ਰੁਪਿਆ ਖਰਚਿਆ ਜਾ ਰਿਹਾ ਹੈ। ਗੁਰਪ੍ਰੀਤ ਸਿੰਘ ਖਾਲਸਾ ਨੇ ਦੱਸਿਆ ਕਿ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਯਤਨਾ ਸਦਕਾ ਇਸ ਵਾਰ ਕੋਟਕਪੂਰੇ ਦੇ 12 ਬੱਚੇ ਦਿੱਲੀ ਵਿਖੇ ਗਤਕੇ ਦੇ ਕੌਮੀ ਪੱਧਰ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਗਏ ਸਨ, ਜਿੰਨਾ ਵਿੱਚੋਂ 9 ਬੱਚਿਆਂ ਨੇ ਸੋਨੇ ਦੇ ਮੈਡਲ, ਜਦਕਿ ਦੋ ਬੱਚਿਆਂ ਨੇ ਕਾਂਸੀ ਦੇ ਤਗਮੇ ਜਿੱਤ ਕੇ ਮੀਲ ਪੱਥਰ ਸਥਾਪਿਤ ਕੀਤਾ। ਉਹਨਾਂ ਦੱਸਿਆ ਕਿ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਦੇ ਲੀਡਰਾਂ ਨੇ ਵੱਡੇ ਵੱਡੇ ਵਾਅਦੇ, ਦਾਅਵੇ ਤਾਂ ਕੀਤੇ ਪਰ ਉਹ ਲਾਰੇ ਸਾਬਿਤ ਹੋਏ, ਕਿਉਂਕਿ ਸਪੀਕਰ ਸੰਧਵਾਂ ਨੇ ਹੁਣ ਤੱਕ ਜੋ ਗੱਲ ਆਖੀ, ਉਸ 'ਤੇ ਪਹਿਰਾ ਵੀ ਦਿੱਤਾ। ਇਸ ਮੌਕੇ ਜਿਲਾ ਗਤਕਾ ਐਸੋਸੀਏਸ਼ਨ ਫਰੀਦਕੋਟ ਦੇ ਪ੍ਰਧਾਨ ਡਾ ਮਨਜੀਤ ਸਿੰਘ ਢਿੱਲੋਂ, ਸਰਪ੍ਰਸਤ ਬਲਤੇਜ ਸਿੰਘ ਖਾਲਸਾ ਅਤੇ ਪ੍ਰੈਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਸਮੇਤ ਹੋਰ ਵੀ ਪਤਵੰਤੇ ਹਾਜਰ ਸਨ।

## ਨੈਸ਼ਨਲ ਯੂਥ ਕਲੱਬ ਰਜਿ.ਫਰੀਦਕੋਟ ਨੇ ਪਟਾਕਿਆ ਰਹਿਤ ਗਰੀਨ ਦੀਵਾਲੀ ਮਨਾਉਣ ਤੇ ਵਾਤਾਵਰਣ ਸਵੱਛ ਬਣਾਉਣ ਦਾ ਦਿੱਤਾ ਸੱਦਾ....ਦਵਿੰਦਰ ਪੰਜਾਬ ਮੋਟਰਜ਼,ਡਾ.ਬਲਜੀਤ ਸ਼ਰਮਾਂ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਫਰੀਦਕੋਟ: 20 ਅਕਤੂਬਰ : ਅੱਜ ਇੱਥੇ ਕਿਲਾ ਮੁਬਾਰਕ ਚੌਂਕ ਨਜਦੀਕ ਗੁਰਦੁਆਰਾ ਟਿੱਲਾ ਬਾਬਾ ਸ਼ੇਖ ਫਰੀਦ ਫਰੀਦਕੋਟ ਵਿਖੇ ਨੈਸ਼ਨਲ ਯੂਥ ਕਲੱਬ ਰਜਿ.ਫਰੀਦਕੋਟ ਵੱਲੋ ਇੱਕ ਵਿਸ਼ੇਸ਼ ਪ੍ਰੋਜੈਕਟ ਆਯੋਜਨ ਕੀਤਾ ਗਿਆ "ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ" ਇਹ ਭਾਈ ਗੁਰਦਾਸ ਜੀ ਦੀ 19ਵੀਂ ਵਾਰ ਦੀ ਛੇਵੀਂ ਪਉੜੀ ਦੀ ਲਾਈਨ ਹੈ। ਇਸ ਪ੍ਰੋਜੈਕਟ ਦੀ ਅਗਵਾਈ ਕਲੱਬ ਦੇ ਪ੍ਰਧਾਨ ਸ.ਦਵਿੰਦਰ ਸਿੰਘ ਪੰਜਾਬ ਮੋਟਰਜ਼ ਜੀ ਨੇ ਕੀਤੀ । ਕਲੱਬ ਦੇ ਪ੍ਰਧਾਨ ਦਵਿੰਦਰ ਸਿੰਘ ਪੰਜਾਬ ਮੋਟਰਜ਼ ਨੇ ਸਾਰੇ ਸ਼ਹਿਰ ਵਾਸੀਆਂ ਨੂੰ ਕਿਹਾ ਇਸ ਵਾਰ ਕਲੱਬ ਵੱਲੋ ਸਾਰਿਆਂ ਦੇ ਸਹਿਯੋਗ ਨਾਲ ਦੀਵਾਲੀ ਦਾ ਪਵਿੱਤਰ ਤਿਉਹਾਰ ਪਟਾਕਿਆ ਰਹਿਤ ਗਰੀਨ ਦੀਵਾਲੀ ਵਜੋਂ ਮਨਾਇਆ ਜਾਵੇਗਾ। ਇਸ ਨਾਲ ਵਾਤਾਵਰਣ ਨੂੰ ਸਵੱਛ ਬਣਾਉਣ ਵਿੱਚ ਗਰੀਨ ਦੀਵਾਲੀ ਬਹੁਤ ਸਹਾਈ ਹੋਵੇਗੀ । ਇਸੇ ਦਿਨ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਦੇ ਕਿਲੇ ਵਿੱਚੋ 52 ਰਾਜਿਆਂ ਨੂੰ ਛੁਡਾਇਆ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਪਹੁੰਚੇ ਸਨ। ਇਸੇ ਹੀ ਦਿਨ ਭਗਵਾਨ ਸ੍ਰੀ ਰਾਮ ਚੰਦਰ ਜੀ 14 ਸਾਲਾਂ ਦਾ ਬਨਵਾਸ ਕੱਟ ਕੇ ਅਯੁੱਧਿਆ ਵਾਪਸ ਆਏ ਸਨ ਦੀ ਖੁਸ਼ੀ ਵਿੱਚ ਦੀਵਾਲੀ ਦਾ ਤਿਉਹਾਰ ਮਨਾਇਆ ਜਾਦਾ ਹੈ ਇਸ ਦਿਨ ਲੋਕ ਆਪਣੇ ਘਰਾਂ ਰੋਸ਼ਨੀ ਕਰਦੇ ਹਨ ਤੇ ਦੀਵੇ ਬਾਲ ਦੇ ਹਨ ਪਰ ਕਲੱਬ ਵੱਲੋ ਗਰੀਨ ਦੀਵਾਲੀ ਮਨਾਈ ਜਾਵੇਗੀ। ਇਸ ਪ੍ਰੋਜੈਕਟ ਦੇ ਚੈਅਰਮੈਨ ਸਤਿੰਦਰ ਜੀਤ ਸਿੰਘ ਸੰਧੂ ਅਤੇ ਪ੍ਰੋਜੈਕਟ ਦੇ ਕੋ ਚੇਅਰਮੈਨ ਗੁਰਪ੍ਰੀਤ ਸਿੰਘ ਰਾਜਾ ਦੇ ਯੋਗ ਉਪਰਾਲੇ ਸਦਕਾ ਅਜਿਹਾ ਸੰਭਵ ਹੋਇਆ ਹੈ। ਕਲੱਬ ਦੇ ਮੈਂਬਰ ਵੱਲੋ ਮਿੱਟੀ ਦੇ ਦੱਸ ਦੀਵੇ,ਸਰੋਂ ਦਾ ਤੇਲ ਦੀ ਸ਼ੀਸ਼ੀ,ਰੂੰ ਦੀਆਂ ਬੱਤੀਆਂ ਅਤੇ ਇੱਕ ਮਾਚਸ ਪੈਕੇਟ ਬਣਾ ਕੇ ਆਮ ਲੋਕਾਂ ਨੂੰ ਵੰਡੇ ਗਏ। ਇਸ ਮੌਕੇ ਕਲੱਬ ਦੇ ਜਨਰਲ ਸਕੱਤਰ ਡਾ. ਬਲਜੀਤ ਸ਼ਰਮਾ ਤੇ ਡਾ.ਪਰਮਿੰਦਰ ਸਿੰਘ ਪ੍ਰਿੰਸੀਪਲ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਤੇ ਇਸ ਪਵਿੱਤਰ ਤਿਉਹਾਰ ਦੀਆਂ ਸਭ ਨੂੰ ਮੁਬਾਰਕਾਂ ਦਿੱਤੀਆਂ। ਕਲੱਬ ਦੇ ਮੈਂਬਰ ਕੇ.ਪੀ.ਸਿੰਘ ਸਰਾਂ,ਰਜੇਸ਼ ਸੁਖੀਜਾ,ਰਕੇਸ਼ ਮਿੱਤਲ,ਰਜੇਸ਼ ਕੁਮਾਰ ਰਾਜੂ,ਗੁਰਪ੍ਰੀਤ ਸਿੰਘ ਰਾਜਾ,ਡਾ.ਪਰਮਿੰਦਰ ਸਿੰਘ ਬੁੱਟਰ,ਡਾ.ਸੰਜੀਵ ਸੇਠੀ,ਲਵਦੀਪ ਸਿੰਘ ਢਿੱਲੋਂ,ਹਰਜਿੰਦਰ ਸਿੰਘ ਡੀ.ਐਸ.ਪੀ. ਸੇਵਾਮੁਕਤ,ਸੁਖਵਿੰਦਰ ਸਿੰਘ ਜੋਹਰ ਵਿੱਤ ਸਕੱਤਰ ਤੋਂ ਇਲਾਵਾ ਨੈਸ਼ਨਲ ਯੂਥ ਕਲੱਬ ਫਰੀਦਕੋਟ ਵੱਲੋਂ ਨਹਿਰੂ ਯੁਵਾ ਕੇਂਦਰ ਵਿਖੇ ਚਲਾਏ ਜਾ ਰਹੇ ਸਲਾਈ ਸੈਂਟਰ ਦੀਆਂ ਵਿਦਿਆਰਥਣ ਵੀ ਇਸ ਮੌਕੇ ਹਾਜ਼ਰ ਹਨ।

## ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਨੇ ਮਨਾਇਆ ਦੀਵਾਲੀ ਦਾ ਤਿਉਹਾਰ

### ਵਿਦਿਆਰਥੀਆਂ ਨੇ ਕਰਵਾਏ ਗਏ ਵੱਖ ਵੱਖ ਤਰ੍ਹਾਂ ਦੇ ਮੁਕਾਬਲੇ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ






ਕੋਟਕਪੂਰਾ, 20 ਅਕਤੂਬਰ : ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਵਿੱਚ ਦੀਵਾਲੀ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਦਿਨ ਦੀ ਸ਼ੁਰੂਆਤ ਸਵੇਰ ਦੀ ਸਭਾ ਤੋਂ ਹੋਈ, ਜਿਸ ਵਿੱਚ ਐਲ ਕੇ ਜੀ ਦੇ ਵਿਦਿਆਰਥੀ ਯੁਵਰਾਜ ਸਿੰਘ, ਯੂ.ਕੇ.ਜੀ. ਦੇ ਵਿਦਿਆਰਥੀ ਸਾਹਿਲ ਧੀਰ, ਅਵਨੀਤ ਕੌਰ ਅਤੇ ਜਗਮੀਤ ਕੌਰ ਨੇ ਦੀਵਾਲੀ ਤੇ ਕਵਿਤਾ ਪੇਸ਼ ਕੀਤੀ। ਨਰਸਰੀ ਕਲਾਸ ਦੇ ਵਿਦਿਆਰਥੀਆਂ ਨੇ ਸ਼੍ਰੀ ਰਾਮ ਚੰਦਰ ਜੀ ਦੇ ਅਯੁੱਧਿਆ ਪਰਤਣ ਦੀ ਖੁਸ਼ੀ ਵਿੱਚ ਸ਼੍ਰੀ ਰਾਮ ਜੀ ਆਏ ਗਾਣੇ 'ਤੇ ਡਾਂਸ ਕੀਤਾ। ਫਿਰ ਇਸ ਤੋਂ ਬਾਅਦ ਚੌਥੀ ਪੰਜਵੀਂ ਤੇ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਨਾਟਕ ਰਾਹੀਂ ਗਰੀਨ ਦੀਵਾਲੀ ਮਨਾਉਣ ਦਾ ਸੰਦੇਸ਼ ਦਿੱਤਾ ਅਤੇ ਐਲ.ਕੇ.ਜੀ. ਅਤੇ ਯੂ.ਕੇ.ਜੀ. ਦੇ ਵਿਦਿਆਰਥੀਆਂ ਨੇ ਦੀਵਾਲੀ ਨਾਲ ਸਬੰਧਤ ਡਾਂਸ ਪੇਸ਼ ਕੀਤਾ ਤੇ ਦੂਜੀ ਕਲਾਸ ਦੀ ਵਿਦਿਆਰਥਣ ਇਬਾਦਤ ਨੇ ਦੀਵਾਲੀ ਦੇ ਸਬੰਧ ਵਿੱਚ ਇੱਕ ਸਪੀਚ ਦਿੱਤੀ। ਵਿਦਿਆਰਥੀਆਂ ਨੇ ਵੱਖ ਵੱਖ ਤਰ੍ਹਾਂ ਦੇ ਮੁਕਾਬਲੇ ਜਿਵੇਂ ਕਿ ਦੀਵਾ, ਥਾਲੀ ਸਜਾਉਣ, ਤੋਰਨ ਬਣਾਉਣ ਰੰਗੋਲੀ, ਗਰੀਟਿੰਗ ਕਾਰਡ ਬਣਾਉਣ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਅੰਸ਼ਪ੍ਰੀਤ ਕੌਰ ਰੰਗੋਲੀ, ਅਵਨੀਤ ਕੌਰ ਕਾਰਡ ਬਣਾਉਣ, ਸੁਖਲਾਲਜੀਤ ਸਿੰਘ ਤੇ ਰਵਿੰਦਰ ਪਾਲ ਸਿੰਘ ਨੇ ਦੀਵਾ ਡੈਕੋਰੇਸ਼ਨ ਅਤੇ ਆਰਵਜੀਤ ਸਿੰਘ ਤੋਰਨ ਬਣਾਉਣ ਤੇ ਏਕਮਜੀਤ ਕੌਰ ਨੇ ਥਾਲੀ ਸਜਾਉਣ ਵਿੱਚ ਅੱਵਲ ਸਥਾਨ ਹਾਸਿਲ ਕੀਤਾ ਅਤੇ ਬੱਚਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਬਲਜੀਤ ਸਿੰਘ ਡਾਇਰੈਕਟਰ ਪ੍ਰਿੰਸੀਪਲ ਮੈਡਮ ਸੁਰਿੰਦਰ ਕੌਰ ਅਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਰੁਬੀਨਾ ਧੀਰ ਨੇ ਬੱਚਿਆਂ ਨੂੰ ਬੰਦੀ ਛੋੜ ਦਿਵਸ ਬਾਰੇ ਦੱਸਿਆ। ਅੰਤ ਵਿੱਚ ਸਮੂਹ ਸਟਾਫ ਅਤੇ ਬੱਚਿਆਂ ਨੂੰ ਦੀਵਾਲੀ ਦੀ ਵਧਾਈ ਦਿੱਤੀ ਗਈ।

ਵਰਲਡ ਪੰਜਾਬੀ ਟਾਈਮਜ਼ 20 ਅਕੂਤਬਰ 2025 ਦਿਨ ਸੋਮਵਾਰ

## ਗਰੀਨ ਦੀਵਾਲੀ*

ਇੱਕ ਇੱਕ ਬੂਟਾ ਲਾਵਾਂਗੇ।
ਦੀਵਾਲੀ ਅਸੀਂ ਮਨਾਵਾਂਗੇ।
ਚਲਾਉਣਾ ਕੋਈ ਪਟਾਕਾ ਨੀਂ,
ਦੀਵਾਲੀ ਗਰੀਨ ਬਣਾਵਾਂਗੇ।
ਇੱਕ ਇੱਕ ਬੂਟਾ..........

ਗੁਰੂ ਘਰ ਮੱਥਾਂ ਟੇਕਾਂਗੇ।
ਖੁੱਲੀਆਂ ਥਾਂਵਾਂ ਵੇਖਾਂਗੇ।
ਖੁਸ਼ਹਾਲੀ ਤਾਂਈ ਵਧਾਵਾਂਗੇ।
ਇੱਕ ਇੱਕ ਬੂਟਾ.........

ਲਿਖਿਆ ਵਿੱਚ ਗੁਰਬਾਣੀ ਹੈ।
ਸ਼ੁੱਧ ਹਵਾ ਤੇ ਪਾਣੀ ਹੈ।
ਨਾ ਵਿੱਚ ਜ਼ਹਿਰ ਮਿਲਾਵਾਂਗੇ।
ਇੱਕ ਇੱਕ ਬੂਟਾ.........

ਅਸੀਂ ਸਕੀਮ ਬਣਾਈ ਆ।
ਇੱਕੋ ਗੱਲ ਰਲ ਪਕਾਈ ਆ।
ਵਾਤਾਵਰਨ ਬਚਾਵਾਂਗੇ।
ਇੱਕ ਇੱਕ ਬੂਟਾ..........

ਕੁਦਰਤ ਮਿਹਰਬਾਨ ਹੋਊ।
ਨਾ ਕੋਈ ਨੁਕਸਾਨ ਹੋਊ।
ਗੀਤ ਖੁਸ਼ੀ ਦੇ ਗਾਵਾਂਗੇ।
ਇੱਕ ਇੱਕ ਬੂਟਾ......

ਬਚਾਉਣਾ ਵੀ ਹੈ ਫਸਲਾਂ ਨੂੰ।
ਆਉਣ ਵਾਲੀਆਂ ਨਸਲਾਂ ਨੂੰ।
ਕਸਮਾਂ ਨੂੰ ਵੀ ਪਾਵਾਂਗੇ।
ਇੱਕ ਇੱਕ ਬੂਟਾ..........

ਨਵੀਆਂ ਪਿਰਤਾਂ ਪਾਓ ਜੀ।
ਤੁਸੀਂ ਵੀ ਬੂਟੇ ਲਾਓ ਜੀ।
'ਪੱਤੋ' ਹੋਕਾ ਲਾਵਾਂਗੇ।
ਇੱਕ ਇੱਕ ਬੂਟਾ ਲਾਵਾਂਗੇ।
ਦੀਵਾਲੀ ਅਸੀਂ ਮਨਾਵਾਂਗੇ।




ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਖੁਸ਼ੀ ਦੀ ਆਮਦ ਦਾ ਪਵਿੱਤਰ ਤਿਉਹਾਰ ਹੈ ਦੀਵਾਲੀ



ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਸੰਸਾਰ ਵਿਚ ਅਨੇਕਾਂ ਹੀ ਤਿਉਹਾਰ ਮਨਾਏ ਜਾਂਦੇ ਹਨ। ਇਹ ਦਿਨ ਤਿਉਹਰ ਨਾ ਹੋਵਣ ਤਾਂ ਮਨੁੱਖ ਦੀ ਜ਼ਿੰਦਗੀ ਨੀਰਸ-ਉਦਾਸ ਭਰੀ ਹੋ ਜਾਏ। ਇਨ੍ਹਾਂ ਤਿਉਹਾਰ ਨਾਲ ਮਨੁੱਖ ਆਪਣੀਆਂ ਖੁਸ਼ੀਆਂ, ਪ੍ਰਾਪਤੀਆਂ ਸਾਂਝੀਆਂ ਕਰਦਾ ਹੋਇਆ ਅਪਣੀ ਮੰਜ਼ਿਲ ਵਲ ਵਧਦਾ ਹੈ। ਦੁਨੀਆ ਦੇ ਹਰ ਜਾਤ-ਮਜ਼ਹਬ, ਕੌਮ ਅਤੇ ਧਰਮ ਵਿਚ ਵੱਖ-ਵੱਖ ਤਿਉਹਾਰ ਰੀਝਾਂ-ਸਧਰਾਂ ਚਾਵਾਂ ਨਾਲ ਮਨਾਏ ਜਾਂਦੇ ਹਨ। ਤਿਉਹਾਰ ਮਨਾਉਣ ਪਿੱਛੇ ਧਾਰਮਿਕ, ਰਾਜਨੀਤਕ, ਇਤਿਹਾਸਕ, ਸਮਾਜਿਕ, ਆਰਥਿਕ, ਖ਼ੂਬਸੂਰਤ ਆਦਾਨ-ਪ੍ਰਦਾਨ, ਮੌਸਮਾਂ, ਰੁੱਤਾਂ ਅਤੇ ਪਿਛੋਕੜ ਵਿਚਲੇ ਸਭਿਆਚਾਰ ਦਾ ਗਹਿਰਾ ਸੰਬੰਧ ਹੁੰਦਾ ਹੈ।

ਭਾਰਤ ਦੇ ਪ੍ਰਮੁੱਖ ਤਿਉਹਾਰਾਂ ਚੋਂ ਆਉਂਦਾ ਹੈ ਖੁਸ਼ੀ ਦੀ ਆਮਦ ਦਾ ਪਵਿੱਤਰ ਤਿਉਾਰ ਦੀਵਾਲੀ। ਇਹ ਤਿਉਹਾਰ ਕੱਤਰ ਮਹੀਨੇ ਦੀ ਮੱਸਿਆ ਨੂੰ ਮਨਾਇਆ ਜਾਂਦਾ ਹੈ। ਦੀਵਾਲੀ ਦੇ ਦਿਨਾਂ ਨੂੰ ਮੌਸਮ ਦਾ ਵੱਡਾ ਪਰਿਵਰਤਨ ਹੁੰਦਾ ਹੈ। ਫ਼ਸਲਾਂ ਪੱਕ ਕੇ ਤਿਆਰ ਹੋ ਜਾਂਦੀਆਂ ਹਨ। ਹਰਿਆਵਲ ਅਪਣੀ ਸੁੰਦਰਤਾ ਨੂੰ ਧਰਤੀ ਉਪਰ ਬਿਖੇਰਦੀ ਹੈ। ਨਿੱਕੀ-ਨਿੱਕੀ ਠੰਡੇ ਦੀ ਆਮਦ ਇਕ ਸੁਖਦ ਮਾਹੌਲ ਪੈਦਾ ਕਰਦੀ ਹੈ। ਸਰਦੀ ਦੀ ਰੁੱਤ ਅਪਣਾ ਬਿਗਲ ਵਜਾ ਦਿੰਦੀ ਹੈ। ਕੀਟ-ਪਤੰਗੇ ਅਤੇ ਤੱਤੇ ਮੌਸਮ ਦੀ ਸਮਾਪਤੀ ਹੋ ਜਾਂਦੀ ਹੈ। ਫਬੀਲੇ ਮੌਸਮ ਦਾ ਸੰਗਲਾਚਰਣ ਆਨੰਦਮਈ ਕਿਰਿਆਵਾਂ ਦੇ ਦਰਵਾਜੇ ਖੋਲ੍ਹ ਦਿੰਦਾ ਹੈ।

ਇਤਿਹਾਸਕ ਅਤੇ ਧਰਮ ਮਰਿਆਦਾ ਪੱਖੋਂ ਅਨੇਕਾਂ ਕਾਰਣਾ ਕਰਕੇ ਦੀਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਤਰੱਕੀ, ਸ਼ਹਿਰਾਂ ਦਾ ਵਸਾਉਣਾ, ਸੰਗਤਾਂ ਦਾ ਜੁੜਣਾ, ਮੀਰੀ ਪੀਰੀ ਦਾ ਸਿਧਾਂਤ ਅਪਣਾਉਣਾ, ਅਤੇ ਸਭ ਧਰਮਾਂ ਵਿਚ ਸਨਮਾਨ ਵਧਦਾ ਵੇਖ ਕੇ ਜਹਾਂਗੀਰ ਅੰਦਰੋਂ-ਅੰਦਰੀ ਡਰ ਗਿਆ। ਮੁਰਤਜਾ ਖ਼ਾਨ ਉਦੋਂ ਲਾਹੌਰ ਦਾ ਗਵਰਨਰ ਸੀ। ਉਸ ਨੇ ਜਹਾਂਗੀਰ ਅੱਗੇ ਮਨਘੜਤ ਅਤੇ ਝੂਠੀਆਂ ਗੱਲਾਂ ਦਸ ਕੇ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੁਕਮ ਕਰਵਾ ਦਿੱਤੇ। ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ। ਜਦ ਗੁਰੂ ਜੀ ਕਿਲ੍ਹੇ ਵਿਚ ਪਹੁੰਚੇ ਤਾਂ ਉਥੇ 52 ਰਾਜੇ ਵੀ ਕੈਦ ਸਨ। ਗੁਰੂ ਜੀ ਕਿਲ੍ਹੇ ਵਿਚ ਹੀ ਦੀਵਾਨ ਸਜਾਉਣ ਲੱਗੇ। ਸਾਂਈ ਮੀਆਂ ਮੀਰ ਨੇ ਵੀ ਜਹਾਂਗੀਰ ਦੇ ਗਲਤ ਫੈਸਲੇ ਦੀ ਨਿੰਦਾ ਕੀਤੀ। ਗੁਰੂ ਸਾਹਿਬ ਜਦ ਇਹ ਕਿਲ੍ਹਾ ਛੱਡਣ ਲੱਗੇ ਤਾਂ ਉਨ੍ਹਾਂ ਨੇ 52 ਰਾਜਿਆਂ ਨੂੰ ਵੀ ਨਾਲ ਹੀ ਰਿਹਾਅ ਕਰਵਾਇਆ। ਇਸੇ ਕਰਕੇ ਹੀ ਸ੍ਰੀ ਹਰਗੋਬਿੰਦ ਸਾਹਿਬ ਜੀ ਨੂੰ ਬੰਦੀ ਛੋੜ ਪਾਤਿਸ਼ਾਹ ਆਖਿਆ ਜਾਂਦਾ ਹੈ। ਜਦੋਂ ਗੁਰੂ ਸਾਹਿਬ ਅਮ੍ਰਿਤਸਰ ਦੀ ਪਵਿੱਤਰ ਧਰਤੀ ਉਤੇ ਪਹੁੰਚੇ ਤਾਂ ਸੰਗਤਾਂ ਨੇ ਉਨ੍ਹਾਂ ਦੀ ਮੰਗਲਮਈ ਅਭਿਨੰਦਨ ਵਿਚ ਦੀਵੇ ਬਾਲ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਲੀ ਦਾ ਤਿਉਹਾਰ ਬੜੀ ਸ਼ਰਧਾ ਪੂਰਵਕ ਅਤੇ ਧੂਮ ਧਾਮ ਨਾਲ ਮਨਾਇਆ। ਦੀਪ ਮਾਲਾ ਕੀਤੀ ਗਈ, ਤਰ੍ਹਾਂ ਤਰ੍ਹਾਂ ਦੇ ਮਿਸ਼ਠਾਣ ਵੰਡੇ ਗਏ, ਆਤਿਸ਼ਬਾਜ਼ੀ ਅਸਮਾਨ ਵਿਚ ਰੰਗ ਬਿਖੇਰਨ ਲੱਗੀ, ਰੌਸ਼ਨੀ ਦੀ ਜਗ-ਮਗ ਜਗ ਮਗ ਆਮਦ ਕਰਕੇ ਹਰ ਸ਼ੈਅ ਦੀ ਦੀਵਾਲੀ ਵਿਚ ਰੰਗੀ ਗਈ ਜੋ ਜਿੱਤ ਅਤੇ ਖੁਸ਼ੀ ਦਾ ਤਿਉਹਾਰ ਬਣਿਟਾ ਹੈ ਦੀਵਾਲੀ ਦੀ ਇਹ ਇਤਿਹਾਸਿਕ ਪ੍ਰੰਪਰਾ ਉਦੋਂ ਤੋਂ ਲੈ ਕੇ ਹੁਣ ਤੱਕ ਚਲਦੀ ਆ ਰਹੀ ਹੈ ਅਤੇ ਰਹਿੰਦੀ ਦੁਨੀਆਂ ਤੱਕ ਚਲਦੀ ਰਵੇਗੀ। ਇਤਿਹਾਸ ਵਿਚ ਇਹ ਦਿਨ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਰਹਿਣਾ ਹੈ। ਇਸੇ ਕਰਕੇ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਦੀ ਦੀਵਾਲੀ ਦੁਨੀਆਂ ਭਰ 'ਚ ਪ੍ਰਸਿੱਧ ਹੈ। ਦੇਸ਼-ਵਿਦੇਸ਼ ਤੋਂ ਸ਼ਰਧਾਲੂ ਸੱਚਖੰਡ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਆਉਂਦੇ ਹਨ। ਸਭ ਧਰਮਾਂ ਦੇ ਲੋਕ ਮਿਲਕੇ ਇਹ ਤਿਉਹਾਰ ਮਨਾਉਂਦੇ ਹਨ। ਦੀਵਾਲੀ ਵਾਲੇ ਦਿਨ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਦੀਵੇ-ਮੋਮਬਤੀਆਂ, ਦੀਵਿਆਂ ਵਾਂਗ ਜਗਦੇ ਲੋਕਾਂ ਦਾ ਭਾਰੀ ਇਕੱਠ, ਸੋਨ-ਸੁਨਹਿਰੀ ਸ੍ਰੀ ਹਰਿਮੰਦਿਰ ਸਾਹਿਬ ਤੇ ਕੀਤੀ ਦੀਪਮਾਲਾ ਇਕ ਅਧਿਆਤਮਿਕ ਦਿਲਕਸ਼, ਰੂਹਾਨੀ, ਅਲੌਕਿਕ ਅਤੇ ਸਕੂਨ ਭਰਿਆ ਮਾਹੌਲ ਪੈਦਾ ਕਰਦੀ ਹੈ। ਸ੍ਰੀ ਹਰਿਮੰਦਿਰ ਸਾਹਿਬ ਵਿਖੇ ਰੂਹਾਨੀ ਕੀਰਤਨ ਸੰਗਤਾਂ ਨੂੰ ਕਿਸੇ ਜੰਨਤ ਨਾਲ ਜੋੜ ਦਿੰਦਾ ਹੈ। ਸ਼ਾਂਤੀ ਸਕੂਨ ਵਿਚ ਸਾਰਾ ਮਾਹੌਲ ਅਧਿਆਤਮਕ ਅਤੇ ਗੁਰੂਆਂ ਦੀ ਬਾਣੀ ਨਾਲ ਓਤ ਪ੍ਰੋਤ ਹੋ ਜਾਂਦਾ ਹੈ। ਤਾਰਿਆਂ ਦੇ ਸਮੂਹ ਵਾਂਗ ਸੰਗਤਾਂ ਦਾ ਇਕੱਠ ਇਤਿਹਾਸ ਨੂੰ ਉਜ਼ਾਗਰ ਕਰ ਦਿੰਦਾ ਹੈ। ਇਸੇ ਦਿਨ ਹੀ ਜਦੋਂ ਸ੍ਰੀ ਰਾਮ ਚੰਦਰ ਜੀ ਲੰਕਾ ਤੋਂ ਵਾਪਿਸ ਆਏ ਤਾਂ ਇਸੇ ਮੱਸਿਆ ਨੂੰ ਉਨ੍ਹਾਂ ਦਾ ਰਾਜਤਿਲਕ ਕੀਤਾ ਗਿਆ ਸੀ। ਇਸੇ ਦਿਨ ਹੀ ਭਗਵਾਨ ਨੇ ਰਾਜਾ ਬਲੀ ਨੂੰ ਪਾਤਾਲ ਲੋਕ ਦਾ ਇੰਦਰ ਬਣਾਇਆ ਸੀ। ਤਦ ਇੰਦਰ ਨੇ ਬੜੀ ਪ੍ਰਸੰਨਤਾ ਪੂਰਵਕ ਦੀਵਾਲੀ ਮਨਾਈ ਕਿ ਮੇਰਾ ਸਵਰਗ ਦਾ ਸ਼ਿੰਘਾਸ਼ਨ ਬਚ ਗਿਆ।

ਇਸੇ ਦਿਨ ਹੀ ਸੁਮੰਦਰ ਮੰਥਨ ਦੇ ਸਮੇਂ ਕਸ਼ੀਰ ਸਾਗਰ 'ਚੋਂ ਲਕਸ਼ਮੀ ਪ੍ਰਗਟ ਹੋਈ ਸੀ ਅਤੇ ਭਗਵਾਨ ਨੂੰ ਅਪਣਾ ਪਤੀ ਸਵੀਕਾਰ ਕੀਤਾ।

ਇਸ ਦਿਨ ਹੀ ਰਾਜਾ ਵਿਕਰਮ ਦਿਤਿਆ ਨੇ ਅਪਣੇਂ ਸਵਤ ਦੀ ਰਚਨਾ ਕੀਤੀ ਸੀ। ਉਚ ਕੋਟੀ ਦੇ ਵਿਦਵਾਨਾਂ ਨੂੰ ਬੁਲਾ ਕੇ ਮੂਹਰਤ ਕੱਢਿਆ ਸੀ ਕਿ ਨਵਾਂ ਸਵਤ ਚੇਤਰ ਸੁਦੀ ਚਲਾਇਆ ਜਾਏ।

ਇਸੇ ਦਿਨ ਹੀ ਆਰਿਆ ਸਮਾਜ ਦੇ ਸੰਸਥਾਪਕ ਮਹਾਂਰਿਸ਼ੀ ਦਿਆ ਨੰਦ ਦਾ ਨਿਰਵਾਣ ਹੋਇਆ ਸੀ।

ਇਸੇ ਦਿਨ ਭਗਵਤੀ ਮਹਾਂ ਲਕਸ਼ਮੀ ਦਾ ਤਿਉਹਾਰ ਵੀ ਮਨਾਇਆ ਜਾਂਦਾ ਹੈ। ਇਸ ਦਿਨ ਲਕਸ਼ਮੀ ਪੂਜਣ, ਗਣੇਸ਼ ਪੂਜਨ, ਵਿਸ਼ਣੂ ਭਗਵਾਨ, ਇੰਦਰਦੇਵ, ਸਰਸਵਤੀ ਆਦਿ ਦੇਵੀ-ਦੇਵਤਿਆਂ ਦੀ ਵੀ ਪੂਜਾ ਕੀਤੀ ਜਾਂਦੀ ਹੈ। ਮੰਦਿਰਾਂ ਵਿਚ, ਧਾਰਮਿਕ ਸਥਾਨਾਂ ਵਿਚ ਦੀਪ ਮਾਲਾ ਅਤੇ ਪੂਜਣ ਹੁੰਦੇ ਹਨ। ਇਸ ਦਿਨ ਪੂਜਾ ਦਾ ਬਹੁਤ ਮਹੱਤਵ ਮੰਨਿਆ ਜਾਂਦਾ ਹੈ। ਦੋ ਥਾਲਾਂ ਵਿਚ ਦੀਪਕ ਰੱਖੇ ਜਾਂਦੇ ਹਨ ਤੇ ਚਹੁੰ ਮੁਖੀ ਦੀਵੇ ਥਾਲਾਂ ਵਿਚ ਸਜਾਏ ਜਾਂਦੇ ਹਨ। ਲਗਭਗ ਛੱਬੀ ਛੋਟੇ ਦੀਵੇ ਤੇਲ ਬੱਤੀ ਜਲਾ ਕੇ ਰੱਖੇ ਜਾਂਦੇ ਹਨ ਫਿਰ ਜਲ, ਰੌਲੀ, ਖੀਲ, ਪਤਾਸੇ, ਚੌਲ, ਫੁੱਲ, ਫੱਲ, ਗੁੜ, ਅਬੀਰ, ਗੁਲਾਲ, ਧੂਫ ਆਦਿ ਨਾਲ ਓਨਾਂ ਦੀ ਪੂਜਾ ਕੀਤੀ ਜਾਂਦੀ ਸ਼ੁਭ ਜਾਂਦੀ ਹੈ। ਫਿਰ ਟਿੱਕਾ ਲਗਾ ਕੇ ਵਿਉਪਾਰ ਜਾਂ ਘਰ ਵਿਚ ਗਣੇਸ਼ ਅਤੇ ਲਕਸ਼ਮੀ ਦੀ ਪ੍ਰਤਿਮਾ ਰੱਖ ਕੇ ਪੂਜਾ ਕੀਤੀ ਜਾਂਦੀ ਹੈ। ਸਾਰਾ ਪਰਿਵਾਰ ਪੂਜਾ ਵਿਚ ਸ਼ਾਮਿਲ ਹੁੰਦਾ ਹੈ। ਇਹ ਪੂਜਾ ਮੰਦਿਰਾਂ ਵਿਚ ਵੀ ਹੁੰਦੀ ਹੈ। ਇਸ ਪੂਜਾ ਵਿਧੀ ਨਾਲ ਸਭ ਤਰ੍ਹਾਂ ਦਾ ਦਰਿਦਰ ਦੂਰ ਹੁੰਦਾ ਹੈ। ਸ਼ਾਂਤੀ ਅਤੇ ਸ਼ਕਤੀ ਉਤਪਨ ਹੁੰਦੀ ਹੈ। ਇਕ ਨਵ ਪਰੀਵਰਤਨ ਨਾਲ ਜ਼ਿੰਦਗੀ ਸੁਖਮਲੀ ਹੁੰਦੀ ਹੈ।

ਇਸ ਦਿਨ ਧਾਰਮਿਕ ਸਥਾਨਾਂ ਦੀ ਦੀਪਮਾਲਾ, ਧਾਰਮਿਕ ਸਥਾਨਾਂ ਦੇ ਅੰਦਰ ਦੇਸੀ ਘਿਉ ਦੇ ਬਲਦੇ ਲਟ-ਲਟ ਦੀਵੇ, ਸਾਜ-ਸੱਚਾ, ਤਰ੍ਹਾਂ-ਤਰ੍ਹਾਂ ਦੀ ਖੁਸ਼ਬੂ, ਸ਼ਰਧਾਲੂ ਦੀ ਅਥਾਹ ਭੀੜ, ਕੀਰਤਨ ਅਤੇ ਬਾਣੀਆਂ ਦਾ ਜਾਪ, ਨਗਰ ਕੀਰਤਨ, ਅਤੇ ਧਾਰਮਿਕ ਹਿੰਦੂ ਰਹੁ ਰੀਤੀ ਮੁਤਾਬਿਕ ਭਗਵਾਨ ਮੂਰਤੀਆਂ ਦੀ ਸਾਜ ਸਜਾ ਵਿਚ ਝਾਕੀਆਂ ਦੇ ਸੁੰਦਰ ਦ੍ਰਿਸ਼, ਕਲਾ ਵਾਚਕਾਂ ਦੇ ਇਲਾਹੀ ਪ੍ਰਵਚਨ, ਬਾਜ਼ਾਰ ਵਿਚ ਸੱਜੀਆਂ ਮਿਠਾਈਆਂ ਦੀਆਂ ਦੁਕਾਨਾਂ, ਸਾਰਾ ਮਾਹੌਲ ਆਪਣੇ ਆਪ ਵਿਚ ਦੀਵਾਲੀਮਈ ਹੋ ਜਾਂਦਾ ਹੈ। ਬਾਜ਼ਾਰਾਂ ਵਿਚ ਗੁਰੂਆਂ, ਪੀਰ੍ਹਾਂ, ਪੈਗੰਬਰਾਂ, ਭਗਵਾਨਾਂ, ਰਿਸ਼ੀਆਂ ਮੁਨੀਆਂ ਦੀਆਂ ਤਸਵੀਰਾਂ, ਸਟੈਚੂ ਆਦਿ ਧੜਾ ਧੜ ਵਿਕਦੇ ਹਨ।

ਸ਼ਾਮ ਨੂੰ ਘਰ ਘਰ ਵਿਚ ਪਟਾਕਿਆਂ, ਫੁਲਚੜੀਆਂ ਆਤਿਸ਼ਬਾਜੀਆਂ ਦੀ ਗੂੰਜ ਦੀਵਾਲੀ ਦੇ ਇਤਿਹਾਸ ਨੂੰ ਚਾਰ ਚੰਨ ਲਗਾ ਦਿੰਦੀ ਹੈ। ਘਰ ਵਿਚ ਦੂਰੋਂ-ਦੂਰੋਂ ਗਏ ਵੀਰ-ਭੈਣ, ਜਵਾਈ-ਭਾਈ ਸਭ ਇਸ ਦਿਨ ਖੁਸ਼ੀ ਖੁਸ਼ੀ ਇਕੱਠੇ ਹੁੰਦੇ ਹਨ। ਧੀਆਂ-ਨੂੰਹਾਂ ਸੱਜ ਧੱਜ ਕੇ ਦੀਵਾਲੀ ਦਾ ਸ਼ਿੰਗਾਰ ਬਣਦੀਆਂ ਹਨ। ਧੀਆਂ-ਨੂੰਹਾਂ ਹੀ ਇਸ ਪਵਿੱਤਰ ਤਿਉਹਾਰ ਦੀ ਆਮਦ ਦਾ ਵਿਮੋਚਨ ਕਰਦੀਆਂ ਹਨ। ਜਿਸ ਨਾਲ ਦੀਵਾਲੀ ਦਾ ਪਵਿੱਤਰ ਤਿਉਹਾਰ ਸਾਰਥਿਕ ਅਤੇ ਆਨੰਦਮਈ ਹੋ ਨਿਬੜਦਾ ਹੈ।

## ਦੀਵਾਲੀ ਦੀ ਛੁੱਟੀ ਵਿੱਚ ਵਰਕ-ਐਟ-ਹੋਮ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ



ਤਿਉਹਾਰਾਂ ਦੌਰਾਨ ਸਰਕਾਰੀ ਕਰਮਚਾਰੀਆਂ ਨੂੰ ਵਾਧੂ ਛੁੱਟੀ ਮਿਲਣਾ ਨੋਬਲ ਪੁਰਸਕਾਰ ਪ੍ਰਾਪਤ ਕਰਨ ਤੋਂ ਘੱਟ ਨਹੀਂ ਹੈ। ਬਹੁਤ ਕੋਸ਼ਿਸ਼ ਅਤੇ ਜੁਗਾੜ ਲਾਉਣ ਤੋਂ ਬਾਅਦ ਹੈੱਡ ਕਲਰਕ ਭੂਲਨ ਬਾਬੂ ਨੂੰ ਆਖਰਕਾਰ ਦੀਵਾਲੀ ਦੌਰਾਨ ਇੱਕ ਹਫ਼ਤੇ ਦੀ ਛੁੱਟੀ ਦੇ ਦਿੱਤੀ ਗਈ। ਇਸ ਦੀਵਾਲੀ 'ਤੇ ਭੂਲਨ ਬਾਬੂ ਸਰਕਾਰੀ ਦਫ਼ਤਰ ਦੇ ਵਾਧੂ ਕੰਮ ਦੇ ਬੋਝ ਅਤੇ ਆਪਣੇ ਅਧਿਕਾਰੀਆਂ ਦੀਆਂ ਝਿੜਕਾਂ ਨੂੰ ਭੁੱਲ ਕੇ ਮਨੋਰੰਜਨ ਦੇ ਮੂਡ ਵਿੱਚ ਸਨ।

"ਇਸ ਵਾਰ ਮੈਂ ਆਪਣੀ ਛੁੱਟੀ ਦਾ ਖੂਬ ਆਨੰਦ ਲੈਣਾ ਚਾਹੁੰਦਾ ਹਾਂ—ਚਕਰੀ, ਬੰਬ, ਪਟਾਕੇ ਚਲਾਵਾਂਗਾ, ਜੀਅ ਭਰ ਕੇ ਮਿਠਾਈ ਖਾਵਾਂਗਾ, OTT 'ਤੇ ਫਿਲਮਾਂ ਵੇਖਾਂਗਾ ਅਤੇ ਦੇਰ ਤੱਕ ਸੌਂਵਾਂਗਾ।"

ਉਸਨੇ ਪਹਿਲਾਂ ਹੀ ਵਿਸਤ੍ਰਿਤ ਯੋਜਨਾਵਾਂ ਬਣਾ ਲਈਆਂ ਸਨ। ਉਸਨੇ ਏਅਰਟੈੱਲ ਸਟ੍ਰੀਮ ਦੇ 699 ਪਲਾਨ ਦਾ ਸਬਸਕ੍ਰਿਪਸ਼ਨ ਵੀ ਲੈ ਲਿਆ।

ਪਰ ਭੂਲਨ ਬਾਬੂ ਨੂੰ ਇਹ ਨਹੀਂ ਪਤਾ ਸੀ ਕਿ 'ਘਰੇਲੂ ਜ਼ਿੰਮੇਵਾਰੀਆਂ' ਸਰਕਾਰੀ ਦਫ਼ਤਰ ਦੀਆਂ ਫਾਈਲਾਂ ਨਾਲੋਂ ਵੀ ਜ਼ਿਆਦਾ ਬੋਝਲ ਸਨ।

ਛੁੱਟੀ ਦੇ ਪਹਿਲੇ ਦਿਨ ਹੀ ਸਵੇਰੇ ਸੱਤ ਵਜੇ ਸ਼੍ਰੀਮਤੀ ਭੂਲਨ ਨੇ ਉਸਨੂੰ ਹਲੂਣ ਕੇ ਜਗਾ ਦਿੱਤਾ—"ਜੀ, ਉੱਠੋ!"

ਭੂਲਨ ਬਾਬੂ ਨੇ ਆਪਣੀਆਂ ਅੱਖਾਂ ਮਲੀਆਂ, ਘੜੀ ਵੱਲ ਵੇਖਿਆ ਅਤੇ ਦੂਜੇ ਪਾਸੇ ਮੂੰਹ ਫੇਰ ਕੇ ਕਿਹਾ, "ਓਏ, ਭਾਗਵਾਨੇ, ਕਿਉਂ ਜਗਾ ਰਹੀ ਹੈਂ? ਅੱਜ ਦਫ਼ਤਰ ਨਹੀਂ ਜਾਣਾ, ਰਿਲੈਕਸ ਕਰਨ ਦੇ।"

"ਅਫ਼ਿਸ ਲਈ ਨਹੀਂ ਜਗਾ ਰਹੀ", ਸ਼੍ਰੀਮਤੀ ਭੂਲਨ ਨੇ ਗਰਜਦੇ ਹੋਏ ਕਿਹਾ।

"ਅੱਜ ਘਰ ਦੀ ਸਫ਼ਾਈ ਕਰਨੀ ਹੈ। ਆਫ਼ਿਸ ਵਿੱਚ ਫਾਈਲਾਂ ਚਲਾਉਂਦੇ ਰਹਿੰਦੇ ਹੋ, ਅੱਜ ਏਥੇ ਝਾੜੂ ਚਲਾਓ!"

ਭੂਲਨ ਬਾਬੂ ਨੇ ਹੌਲੀ ਜਿਹੀ ਕਿਹਾ, "ਓ ਯਾਰ, ਅੱਜ ਤਾਂ ਛੁੱਟੀ ਹੈ..."

ਉਸਦੀ ਪਤਨੀ ਨੇ ਕਿਹਾ, "ਹਾਂ, ਇਸੇ ਲਈ! ਨਹੀਂ ਤਾਂ, ਹੋਰ ਕਦੋਂ ਕਰਦੇ ਤੁਸੀਂ? ਹੁਣ ਛੁੱਟੀ ਨਹੀਂ, ਡਿਊਟੀ-ਐਟ-ਹੋਮ ਹੈ।"

ਇੰਨਾ ਕਹਿ ਕੇ ਉਸਨੇ ਭੂਲਨ ਬਾਬੂ ਦੇ ਮੋਢਿਆਂ ਤੇ ਆਪਣੀਆਂ ਬਾਹਾਂ ਦਾ ਭਾਰ ਪਾਇਆ ਅਤੇ ਉਸਨੂੰ ਵਿਸ਼ਰਾਮ ਦੀ ਮੁੱਦਰਾ ਤੋਂ ਪਦਮਾਸਨ ਦੀ ਮੁੱਦਰਾ ਵਿੱਚ ਬਿਠਾ ਦਿੱਤਾ।

ਭੂਲਨ ਬਾਬੂ, ਜੋ ਹਰ ਰੋਜ਼ ਦਫ਼ਤਰ ਲਈ ਸਵੇਰੇ 8:30 ਵਜੇ ਉੱਠਦੇ ਹਨ, ਨੂੰ ਘਰ ਸਾਫ਼-ਸਫ਼ਾਈ ਲਈ ਛੁੱਟੀ ਵਾਲੇ ਦਿਨ ਸਵੇਰੇ 7 ਵਜੇ ਅਣਮੰਨੇ ਮਨ ਨਾਲ ਉੱਠਣਾ ਲਈ ਪਿਆ।

ਭੂਲਨ ਬਾਬੂ ਨੇ ਸੋਚਿਆ ਸੀ ਕਿ ਛੁੱਟੀ ਵਾਲੇ ਦਿਨ ਕੱਪੜੇ ਨਹੀਂ ਧੋਣਗੇ, ਪਰ ਕਿਸਮਤ ਦੇਖੋ – ਬਾਲਟੀ ਵਿੱਚ ਧੋਬੀਘਾਟ ਖੁੱਲ੍ਹ ਗਿਆ! ਝਾੜੂ, ਪੋਚਾ, ਪਰਦੇ, ਫੁਲਝੜੀ – ਸਭ ਕੁਝ ਇਕੱਠਾ! ਕੱਪੜੇ ਸਾਫ਼ ਕਰਨ ਤੋਂ ਬਾਅਦ ਘਰ ਦੀ ਸਫਾਈ ਸ਼ੁਰੂ ਹੋ ਗਈ। ਇੱਕ ਝਾੜੂ ਦੀ ਮਦਦ ਨਾਲ ਭੂਲਨ ਬਾਬੂ ਨੇ ਪੂਰੇ ਘਰ ਨੂੰ ਸਾਫ਼ ਕਰ ਦਿੱਤਾ।

ਫਰਸ਼, ਕਮਰਿਆਂ ਅਤੇ ਟਾਇਲਟ ਦੀ ਚਾਰ ਘੰਟੇ ਲਗਾਤਾਰ ਸਫਾਈ ਕਰਨ ਤੋਂ ਬਾਅਦ ਉਸਨੂੰ ਬ੍ਰੇਕ ਅਤੇ ਬ੍ਰੇਕਫ਼ਾਸਟ ਦੋਵੇਂ ਮਿਲੇ।

ਉਨ੍ਹਾਂ ਨੇ ਟੀਵੀ ਚਾਲੂ ਕੀਤਾ ਅਤੇ ਫਾਇਰਸਟਿੱਕ ਚੁੱਕਿਆ ਹੀ ਸੀ ਕਿ ਸ਼੍ਰੀਮਤੀ ਭੂਲਨ ਨੇ ਉੱਚੀ ਆਵਾਜ਼ ਵਿੱਚ ਕਿਹਾ, "ਟੀਵੀ ਛੱਡੋ, ਪੋਚਾ ਮਾਰੋ!"

ਭੂਲਨ ਬਾਬੂ ਦੀਵਾਲੀ ਦੀ ਸਫਾਈ ਵਿੱਚ ਇੰਨੇ ਰੁੱਝੇ ਕਿ ਭਾਰਤ ਸਰਕਾਰ ਉਨ੍ਹਾਂ ਦੀ ਲਗਨ ਨੂੰ ਵੇਖ ਕੇ ਉਨ੍ਹਾਂ ਨੂੰ "ਸਵੱਛ ਭਾਰਤ ਮੁਹਿੰਮ" ਲਈ ਬ੍ਰਾਂਡ ਅੰਬੈਸਡਰ ਬਣਾ ਦੇਣ!

ਦੋ ਦਿਨਾਂ ਦੀ ਸਫਾਈ ਤੋਂ ਬਾਅਦ ਤੀਜੇ ਦਿਨ ਸ਼੍ਰੀਮਤੀ ਭੂਲਨ ਨੇ ਉਨ੍ਹਾਂ ਨੂੰ ਪੇਂਟ ਅਤੇ ਬੁਰਸ਼ ਖਰੀਦਣ ਦਾ ਆਦੇਸ਼ ਦਿੱਤਾ। ਉਨ੍ਹਾਂ ਦਾ ਬਾਜ਼ਾਰ ਜਾਣ ਦਾ ਮਨ ਤਾਂ ਨਹੀਂ ਸੀ, ਪਰ ਗ੍ਰਹਿ ਮੰਤਰੀ ਦਾ ਆਦੇਸ਼ ਤਾਂ ਆਦੇਸ਼ ਹੁੰਦਾ ਹੈ।

ਇੱਕ ਆਗਿਆਕਾਰੀ ਪਤੀ ਦੇ ਨਾਤੇ ਭੂਲਨ ਬਾਬੂ ਬਾਜ਼ਾਰ ਤੋਂ ਪੇਂਟ ਅਤੇ ਇੱਕ ਬੁਰਸ਼ ਖਰੀਦ ਕੇ ਲਿਆਏ ਅਤੇ ਆਪਣੀ ਪਤਨੀ ਨੂੰ ਦਿੰਦੇ ਹੋਏ ਬੋਲੇ, "ਓ ਹੋ, ਬਹੁਤ ਥੱਕ ਗਿਆ ਹਾਂ... ਜ਼ਰਾ ਕੌਫੀ ਬਣਾ ਕੇ ਲਿਆ ਬਈ ... ਅਤੇ ਹਾਂ, ਮੈਨੂੰ ਕੰਧਾਂ ਤੇ ਪੇਂਟ ਕਰਨ ਲਈ ਕੋਈ ਮਜ਼ਦੂਰ ਨਹੀਂ ਮਿਲਿਆ।" ਭੂਲਨ ਬਾਬੂ ਦੀਆਂ ਗੱਲ੍ਹਾਂ ਤੇ ਉਂਗਲੀ ਫੇਰਦੇ ਹੋਏ ਸ਼੍ਰੀਮਤੀ ਭੂਲਨ ਨੇ ਰੋਮਾਂਟਿਕ ਢੰਗ ਨਾਲ ਕਿਹਾ, "ਓ ਜੀ, ਜਦੋਂ ਮਿਸਟਰ ਇੰਡੀਆ ਘਰ ਵਿੱਚ ਹੈ, ਤਾਂ ਮਜ਼ਦੂਰ ਦੀ ਕੀ ਲੋੜ ਹੈ? ਤੁਸੀਂ ਪੇਂਟ ਸ਼ੁਰੂ ਕਰੋ ਤੇ ਮੈਂ ਤੁਹਾਡੇ ਲਈ ਗਰਮਾ-ਗਰਮ ਕੌਫੀ ਬਣਾਉਂਦੀ ਹਾਂ।"

"ਮੈਂ... ਪੇਂਟ?" ਭੂਲਨ ਬਾਬੂ ਹੌਲੀ ਜਿਹੀ ਬੁੜਬੁੜਾਏ।

ਤਿੰਨ ਦਿਨਾਂ ਦੇ ਅੰਦਰ ਭੂਲਨ ਬਾਬੂ ਦੀ ਸਖ਼ਤ ਮਿਹਨਤ ਨਾਲ ਘਰ ਦੀਆਂ ਕੰਧਾਂ ਏਸ਼ੀਅਨ ਪੇਂਟਸ ਨਾਲ ਚਮਕਣ ਲੱਗ ਪਈਆਂ। "ਹਰ ਘਰ ਕੁਝ ਕਹਿੰਦਾ ਹੈ" ਦੀ ਤਰਜ਼ ਤੇ ਉਨ੍ਹਾਂ ਕੰਧਾਂ ਦੀ ਚਮਕ ਭੂਲਨ ਬਾਬੂ ਦੀ ਅੰਦਰਲੀ ਪੀੜ ਨੂੰ ਬਿਆਨ ਕਰ ਰਹੀ ਸੀ।

ਸਾਢੇ ਚਾਰ ਦਿਨਾਂ ਦੀ ਡਿਊਟੀ-ਐਟ-ਹੋਮ ਤੋਂ ਬਾਅਦ ਭੂਲਨ ਬਾਬੂ ਦਾ ਹਾਲ ਉਹੀ ਸੀ ਜੋ ਕਿਸੇ ਬਾਬੂ ਦਾ ਇੱਕ ਮਹੀਨੇ ਦੇ ਆਡਿਟ ਪਿੱਛੋਂ ਹੁੰਦਾ ਹੈ।

ਕੰਮ ਇੰਨਾ ਵੱਧ ਗਿਆ ਕਿ ਛੁੱਟੀ ਵਿੱਚ ਰਿਲੈਕਸ ਦੀ ਥਾਂ ਆਇਓਡੈਕਸ ਮਿਲਿਆ।

ਥੱਕੇ-ਹਾਰੇ ਹੋਏ ਉਹ ਬੁੜਬੁੜਾਏ, "ਸਾਡੇ ਪਤੀਆਂ ਦੀ ਵੀ ਅਲੱਗ ਪੀੜਾ ਹੈ। ਸਰਕਾਰੀ ਛੁੱਟੀ ਅਤੇ ਘਰ ਦੀ ਡਿਊਟੀ ਵਿੱਚ ਬਸ ਇਹੋ ਫਰਕ ਹੈ ਕਿ ਦਫਤਰ ਵਿੱਚ ਬੌਸ ਚੀਕਦਾ ਹੈ ਤੇ ਘਰ ਵਿੱਚ ਪਤਨੀ। ਓਥੇ ਫਾਈਲ ਪੂਰੀ ਕਰਨ ਦਾ ਦਬਾਅ ਹੈ, ਏਥੇ ਸਫਾਈ ਅਤੇ ਘਰੇਲੂ ਕੰਮ ਕਰਨ ਦਾ।"

ਦੀਵਾਲੀ ਦੀ ਰਾਤ ਆਈ ਤਾਂ ਭੂਲਨ ਬਾਬੂ ਥੱਕੇ ਹੋਏ ਸੋਫੇ 'ਤੇ ਹੀ ਲੇਟ ਗਏ।

ਸ਼੍ਰੀਮਤੀ ਭੂਲਨ ਉੱਚੀ ਆਵਾਜ਼ ਵਿੱਚ ਬੋਲੀ, "ਤੁਸੀਂ ਵੀ ਹੱਦ ਕਰਦੇ ਹੋ! ਮੌਕਾ ਮਿਲਿਆ ਨਹੀਂ ਕਿ ਤੁਸੀਂ ਦਫਤਰ ਸਮਝ ਕੇ ਆਰਾਮ ਕਰਨ ਲੱਗ ਪੈਂਦੇ ਹੋ। ਜਾਓ, ਡਿਉਢੀ ਤੇ ਦੀਵਾ ਜਗਾ ਕੇ ਆਓ।"

ਭੂਲਨ ਬਾਬੂ ਨੇ ਉਦਾਸ ਦਿਲ ਅਤੇ ਥੱਕੇ ਹੋਏ ਹੱਥਾਂ ਨਾਲ ਦੀਵਾ ਜਗਾਇਆ। ਬਾਹਰ ਹਲਕੀ-ਹਲਕੀ ਹਵਾ ਵਗ ਰਹੀ ਸੀ। ਟਿਮਟਿਮਾਉਂਦੇ ਦੀਵੇ ਅਤੇ ਉਹਦੀ ਲੋਅ ਵੇਖ ਕੇ ਇਉਂ ਲੱਗ ਰਿਹਾ ਸੀ ਜਿਵੇਂ ਦੀਵਾਲੀ ਦੀਆਂ ਛੁੱਟੀਆਂ ਦੌਰਾਨ ਘਰੇਲੂ ਕੰਮਾਂ ਦੇ ਬੋਝ ਤੋਂ ਦੁਖੀ ਭੂਲਨ ਬਾਬੂ ਦਾ ਦਿਲ ਵੀ ਦੀਵੇ ਦੇ ਨਾਲ-ਨਾਲ ਸੜ ਰਿਹਾ ਹੋਵੇ। ਉਹ ਮਨ ਹੀ ਮਨ ਸੋਚ ਰਹੇ ਸਨ, 'ਦੀਵੇ ਦੀ ਹਾਲਤ ਵੀ ਮੇਰੇ ਵਰਗੀ ਹੈ... ਆਫ਼ਿਸ ਦੀ ਡਿਊਟੀ ਤੋਂ ਬਚਣ ਲਈ ਛੁੱਟੀ ਦੌਰਾਨ ਘਰ ਵਾਲੀ ਡਿਊਟੀ ਤੋਂ ਪ੍ਰੇਸ਼ਾਨ, ਜਗਦਾ ਹੋਇਆ, ਪਰ ਫਿਰ ਵੀ, ਜਗਮਗਾਉਂਦਾ ਹੋਇਆ।'

ਦੀਵਾਲੀ 'ਤੇ ਦੇਰ ਰਾਤ ਤੱਕ ਜਾਗਣ ਤੋਂ ਬਾਅਦ, ਭੂਲਨ ਬਾਬੂ ਦੇ ਥੱਕੇ ਹੋਏ ਚਿਹਰੇ 'ਤੇ ਅਗਲੇ ਦਿਨ ਦਫ਼ਤਰ ਜਾਣ ਦੀ ਚਿੰਤਾ ਸਾਫ਼ ਦਿਖਾਈ ਦੇ ਰਹੀ ਸੀ। ਅਗਲੇ ਦਿਨ, ਭੂਲਨ ਬਾਬੂ ਦੁਪਹਿਰ ਵੇਲੇ ਆਪਣੀ ਦਫ਼ਤਰ ਦੀ ਕੁਰਸੀ 'ਤੇ ਉੂੰਘਣ ਲੱਗ ਪਏ। ਉਨ੍ਹਾਂ ਦੇ ਨੇੜੇ ਬੈਠਾ ਆਪਰੇਟਰ ਗੁਪਤਾ, ਉਨ੍ਹਾਂ ਨੂੰ ਵਾਰ-ਵਾਰ ਜਗਾਉਣ ਲਈ ਹਿਲਾਉਂਦਾ ਰਿਹਾ। ਉਨ੍ਹਾਂ ਨੇ ਕਈ ਵਾਰ ਉੱਠ ਕੇ ਮੂੰਹ ਧੋਤਾ, ਅੱਖਾਂ ਮਲੀਆਂ, ਪਰ ਦੀਵਾਲੀ ਦੀ ਥਕਾਵਟ ਉਨ੍ਹਾਂ ਨੂੰ ਸੌਣ ਲਈ ਮਜਬੂਰ ਕਰਦੀ ਰਹੀ। ਸਾਹਮਣੇ ਵਾਲੀ ਸੀਟ 'ਤੇ ਬੈਠੇ ਸ਼ਰਮਾ ਜੀ ਨੇ ਕਿਹਾ, "ਓਏ, ਭੂਲਨ ਬਾਬੂ, ਤੁਸੀਂ ਕਾਫ਼ੀ ਥੱਕੇ ਹੋਏ ਲੱਗ ਰਹੇ ਹੋ। ਜੇ ਤੁਹਾਡੀ ਸਿਹਤ ਠੀਕ ਨਹੀਂ ਹੈ, ਤਾਂ ਇੱਕ-ਦੋ ਦਿਨ ਦੀ ਛੁੱਟੀ ਲੈ ਕੇ ਘਰੇ ਆਰਾਮ ਕਰੋ।" ਭੂਲਨ ਬਾਬੂ ਨੂੰ ਸ਼ਰਮਾ ਦੀ ਸਲਾਹ ਪਸੰਦ ਆਈ ਅਤੇ ਉਨ੍ਹਾਂ ਨੇ ਦੋ ਦਿਨ ਦੀ ਛੁੱਟੀ ਲੈਣ ਦਾ ਫੈਸਲਾ ਕੀਤਾ। ਅਚਾਨਕ ਉਨ੍ਹਾਂ ਨੂੰ ਯਾਦ ਆਇਆ ਕਿ ਛੱਠ ਤਿਉਹਾਰ ਆ ਰਿਹਾ ਹੈ ਅਤੇ ਜੇ ਉਨ੍ਹਾਂ ਨੇ ਛੁੱਟੀ ਲੈ ਲਈ, ਤਾਂ ਉਨ੍ਹਾਂ ਨੂੰ ਵਰਕ-ਐਟ-ਹੋਮ ਕਰਨਾ ਪੈ ਸਕਦਾ ਹੈ! ਛੁੱਟੀ ਵਿੱਚ ਘਰ ਦੀ ਕਲਪਨਾ ਨਾਲ ਹੀ ਉਹ ਕੰਬਣ ਲੱਗੇ। ਹੁਣ ਉਨ੍ਹਾਂ ਦੀ ਨੀਂਦ ਗਾਇਬ ਹੋ ਗਈ ਸੀ ਅਤੇ ਉਹ ਫਾਈਲਾਂ ਵਿੱਚ ਆਪਣੇ ਕੰਮ ਵਿੱਚ ਜੁਟ ਗਏ।

## ਦੀਵਾਲੀ ਦਾ ਤਿਉਹਾਰ

ਬਚਪਨ 'ਚ ਦਿਵਾਲੀ ਦਾ ਹੁੰਦਾ ਸੀ ਬੜਾ ਚਾਅ,
ਮਾਂ ਦੇ ਹੱਥਾਂ ਦੀ ਮਠਿਆਈ ਦੋਸਤਾਂ ਦਾ ਸਾਥ,

ਹੱਥਾਂ ਚ ਚਮਕਦੀ ਹੋਈ ਫੁੱਲ ਝੜੀ
ਚਿਹਰੇ 'ਤੇ ਖੁਸ਼ੀ ਚਮਕ ਤੇ ਮੁਸਕਾਨ ,

ਨਾਲ ਜਦੋਂ ਰਲਦਾ ਸੀ ਸਾਰਾ ਪਰਿਵਾਰ,
ਦਿਵਾਲੀ ਦਾ ਤਿਉਹਾਰ ਬਣ ਜਾਂਦਾ ਸੀ ਯਾਦਗਾਰ।

ਆਉਂਦੀ ਤਾਂ ਹੁਣ ਵੀ ਦਿਵਾਲੀ ਏ ਹਰ ਸਾਲ ,
ਪਰ ਮਿਠਾਈ ਹੁਣ ਤਸਵੀਰ ਬਣ ਕੇ ਰਹਿ ਗਈ ,

ਮਿਲਣੀਆਂ ਹੋ ਗਈਆਂ ਫੋਨ ਕਾਲਾਂ 'ਤੇ।
ਇਹ ਖੁਸ਼ੀ ਪਿਆਰ ਤੇ ਮਿਲਾਪ ਦੇ ਪ੍ਰਤੀਕ ਤਿਉਹਾਰ,

ਰਹਿ ਗਏ ਬਸ ਹੁਣ ਰਸਮ ਰਿਵਾਜ ਤੇ ਖਿਆਲਾ 'ਚ।
ਮੇਰਾ ਤਾਂ ਬਸ ਇਹੋ ਸੁਝਾਓ,

ਆਪਣੇ ਆਪ ਨੂੰ ਇਨਾ ਵਿਅਸਤ ਨਾ ਬਣਾਓ,
ਤਿਉਹਾਰ ਦੇ ਮਹੱਤਵ ਨੂੰ ਐਵੇਂ ਨਾ ਗਵਾਓ,

ਇਹੀ ਤਾਂ ਹੁੰਦੇ ਨੇ ਖੁਸ਼ੀ ਤੇ ਮਿਲਾਪ ਦੇ ਮੌਕੇ,
ਇਹਨਾਂ ਅਨਮੋਲ ਪਲਾਂ ਨੂੰ ਰਲ ਮਿਲ ਕੇ ਮਨਾਓ।



ਵਰਲਡ ਪੰਜਾਬੀ ਟਾਈਮਜ਼
ਸ਼ੀਲੂ